Sr.No.1153

**Exam Code: 110601**
**Subject Code : 2746**

**Bachelor of Vocation (Fashion Technology) - Ist Semester**
**(Batch 2021-24)**
**(2221)**

**Paper-II (ii) : Mudhli Punjabi (In lieu of Compulsory Punjabi)**

**Time allowed: 3 hrs.** **Max. Marks: 50**

ਨੋਟ: ਪ੍ਰਸ਼ਨ ਪੱਤਰ ਨੂੰ ਚਾਰ ਭਾਗਾਂ ਵਿਚ ਵੰਡਿਆਂ ਗਿਆ ਹੈ। ਵਿਦਿਆਰਥੀ ਨੇ ਕੁਲ ਪੰਜ ਪ੍ਰਸ਼ਨ ਕਰਨੇ ਹਨ। ਹਰੇਕ ਭਾਗ ਵਿਚੋਂ ਇਕ ਪ੍ਰਸ਼ਨ ਹੱਲ ਕਰਨਾ ਲਾਜ਼ਮੀ ਹੈ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿਚੋਂ ਕੀਤਾ ਜਾ ਸਕਦਾ ਹੈ। ਹਰੇਕ ਪ੍ਰਸ਼ਨ ਦੇ 10 ਅੰਕ ਹਨ।

**(ਭਾਗ-ੳ)**

1. ਗੁਰਮੁਖੀ ਲਿਪੀ ਦੇ ਆਰੰਭ ਬਾਰੇ ਤੁਹਾਡੀ ਕੀ ਰਾਏ ਹੈ। ਇਸਦੇ ਪ੍ਰਮੁੱਖ ਨਿਯਮਾਂ ਬਾਰੇ ਜਾਣਕਾਰੀ ਦਿਉ।
2. ਗੁਰਮੁਖੀ ਲਿਪੀ ਵਿਚ ਵਰਣਮਾਲਾ ਅਤੇ ਸਵਰ ਵਾਹਕਾਂ ਦੀ ਵਰਤੋਂ ਸੰਬੰਧੀ ਦੱਸਦੇ ਹੋਏ ਪੈਰ ਵਿਚ ਬਿੰਦੀ ਵਾਲੇ ਵਰਣਾਂ ਦੀ ਵੱਖ-ਵੱਖ ਰੂਪਾਂ ਵਿਚ ਵਰਤੋਂ ਸੰਬੰਧੀ ਜਾਣਕਾਰੀ ਦਿਉ।

**(ਭਾਗ-ਅ)**

3. ਗੁਰਮੁਖੀ ਆਰਥੋਗਰਾਫੀ ਵਿਚਲੇ ਸਵੱਰਾਂ ਤੇ ਵਿਅੰਜਨਾਂ ਬਾਰੇ ਮੁਢਲੀ ਜਾਣ-ਪਛਾਣ ਕਰਵਾਉ।
4. ਮੁਹਾਰਨੀ ਕੀ ਹੈ? ਪੰਜਾਬੀ ਵਿਅੰਜਣਾਂ ਨਾਲ ਲਗਾਂ-ਮਾਤਰਾਂ ਕਿਵੇਂ ਜੋੜੀਆਂ ਜਾਂਦੀਆਂ ਹਨ?

**(ਭਾਗ-ੲ)**

5. ਦੋ-ਦੋ ਸ਼ਬਦ ਬਣਾਉ:
   ੳ. ਮੁਕਤਾ ਵਾਲੇ ਤਿੰਨ ਅੱਖਰਾਂ ਵਾਲੇ ਸ਼ਬਦ
   ਅ. ਸਿਹਾਰੀ ਵਾਲੇ ਦੋ ਤੇ ਤਿੰਨ ਅੱਖਰਾਂ ਵਾਲੇ ਸ਼ਬਦ
   ੲ. ਔਂਕੜ ਵਾਲੇ ਦੋ ਅਤੇ ਚਾਰ ਅੱਖਰਾਂ ਵਾਲੇ ਸ਼ਬਦ
   ਸ. ਦੁਲਾਵਾਂ ਵਾਲੇ ਦੋ ਤੇ ਤਿੰਨ ਅਖਰਾਂ ਵਾਲੇ ਸ਼ਬਦ
   ਹ. ਹੋੜੇ ਵਾਲੇ ਕੋਈ ਦੋ ਸ਼ਬਦ
6. ਪੰਜਾਬੀ ਲਗਾਂ-ਮਾਤਰਾਂ ਬਿਹਾਰੀ, ਦੁਲੈਂਕੜ, ਲਾਂ ਅਤੇ ਕਨੌੜੇ ਵਾਲੇ ਕੋਈ ਵੀ ਤਿੰਨ ਤਿੰਨ ਸ਼ਬਦ ਬਣਾਉ।

**(ਭਾਗ-ਸ)**

7. ਲਗਾਂਖਰ ਵਾਲੇ ਸ਼ਬਦ ਬਣਾਉ:
   ੳ. ਬਿੰਦੀ ਵਾਲੇ ਦੋ, ਤਿੰਨ ਤੇ ਚਾਰ ਅੱਖਰਾਂ ਕੋਈ ਤਿੰਨ ਸ਼ਬਦ,
   ਅ. ਟਿੱਪੀ ਵਾਲੇ ਦੋ ਤੇ ਤਿੰਨ ਅੱਖਰਾਂ ਕੋਈ ਤਿੰਨ ਸ਼ਬਦ

Contd....P/2

ੲ. ਅੱਧਕ ਦੀ ਵਰਤੋਂ ਵਾਲੇ ਕੋਈ ਚਾਰ ਸ਼ਬਦ

8. ਪੈਰ੍ਹਾ ਰਚਨਾ ਵਿਚਲੇ ਅਸ਼ੁੱਧ ਸ਼ਬਦ ਰੂਪਾਂ ਨੂੰ ਸ਼ੁੱਧ ਕਰਕੇ ਲਿਖੋ।

ਅਖਾਣ ਹੈ ਕਿ ਜਿਹੜਾ ਹੱਥ ਬੱਚੇ ਦੇ ਪੰਘੂੜੇ ਨੂੰ **ਝੁਟੇ** ਦੇਂਦਾ ਹੈ, ਵਾਸਤਵ ਵਿਚ ਉਹੀ ਬਾਦਸ਼ਾਹੀ **ਕਮਾਂਦਾ** ਹੈ। ਮਤਲਬ ਇਹ ਕਿ ਬਾਦਸ਼ਾਹੀ ਕਰਨ ਵਾਲਿਆਂ ਦੇ ਆਚਾਰ ਉਨ੍ਹਾਂ ਦੀਆਂ ਮਾਵਾਂ ਦੇ **ਪਾਲਨ** ਦੇ ਢੰਗ ਅਨੁਸਾਰ ਫਲਦੇ ਹਰ। ਇਸੇ ਤਰ੍ਹਾਂ **ਯਰੂਪ** ਵਾਲਿਆਂ ਦੇ ਇਤਿਹਾਸ ਦੀ ਨੀਂਹ ਉਨ੍ਹਾਂ ਦੇ ਸਕੂਲਾਂ ਕਾਲਜਾਂ ਵਿਚ **ਬੱਜਦੀ** ਹੈ। ਉਨ੍ਹਾਂ ਦੇ ਸਕੂਲ ਅਤੇ **ਕਾਲਜ਼** ਨਿਰੇ ਪੜ੍ਹਾਉਣ ਵਾਲੇ ਨਹੀਂ, ਸਗੋਂ ਆਦਮੀ ਪੈਦਾ ਕਰਨ ਵਾਲੇ ਜਾਂ ਆਖੋ ਬੰਦੇ ਬਣਾਉਣ ਵਾਲੇ ਹਨ। ਅੰਗਰੇਜ਼ਾਂ ਨੇ ਆਪਣੇ ਵਿਦਿਆਲਿਆਂ ਨੂੰ ਜ਼ਿੰਦਗੀ ਵਿਚ ਸੁਰਖਰੂਈ ਨਾਲ ਲੰਘਣ ਵਾਲੇ ਅਤੇ ਆਪਣੇ ਮਾਲਕ ਤੇ ਕੰਮ ਦੀ ਪਾਲਣਾ ਕਰਨ ਵਾਲੇ ਬੰਦੇ ਪੈਦਾ ਕਰਨ ਦਾ ਵਸੀਲਾ ਬਣਾਇਆ ਹੈ। ਉਨ੍ਹਾਂ ਦੇ ਬੱਚੇ ਦੀ ਸੁਚੱਜੀ **ਸਿੱਖੀਆ** ਉਸਦੇ ਜਨਮ ਤੋਂ ਪਹਿਲੇ ਸ਼ੁਰੂ ਹੋ ਜਾਂਦੀ ਹੈ। ਛੋਟੇ ਬੱਚਿਆ ਲਈ ਦਾਈ ਘਰ ਹਨ, ਚਾਰ ਤੋਂ ਸੱਤ ਦੀ ਉਮਰ ਦੇ ਬੱਚਿਆਂ ਵਾਸਤੇ ਬਾਲ ਵਿਦਿਆਲੇ ਹਨ, ਜਿੱਥੇ ਇਸਤਰੀਆਂ ਹੀ **ਪੜ੍ਹਾਦੀਆਂ** ਹਨ। ਹਰ ਰੋਜ਼ ਵਿਦਿਆ ਦੇ ਨਵੇਂ ਢੰਗਾਂ ਨੂੰ ਖੋਜਿਆ ਤੇ ਪੜਤਾਲਿਆ ਜਾਂਦਾ ਹੈ। ਪੁਰਾਣੇ ਤਰੀਕਿਆਂ ਤੇ **ਪੁਰਾਣਏ** ਖਿਆਲਾਂ ਨੂੰ ਬਾਗ ਦੇ ਨਿਕੰਮੇ ਬੂਟੇ ਵਾਂਗ ਚੁਣ ਕੇ ਕੱਢ ਦਿੱਤਾ ਜਾਂਦਾ ਹੈ। ਇਉਂ ਕੌਮ ਦੀ **ਪਣੀਰੀ** ਨੂੰ ਅਰੋਗ, ਬਲਵਾਨ ਤੇ ਵਿਚਾਰਵਾਨ ਬਣਾਉਣ ਦੇ ਯਤਨ ਲਗਾਤਾਰ ਰਹਿੰਦੇ ਹਨ।

********